# ਵਾਕ

ਵਾਕ ਭਾਸ਼ਾ ਦੀ ਮਹੱਤਵਪੂਰਨ, ਸਾਰਥਕ ਅਤੇ ਸਭ ਤੋਂ ਵੱਡੀ ਇਕਾਈ ਹੈ। ਇਹ ਇਕ ਰਚਿਤ ਇਕਾਈ ਹੈ ਕਿਉਂਕਿ ਇਸ਼ਦੀ ਸਿਰਜਨਾ ਬਾਕੀ ਛੋਟੀਆਂ ਇਕਾਈਆਂ (ਉਪਵਾਕ, ਵਾਕੰਸ਼, ਸ਼ਬਦ, ਭਾਵੰਸ਼) ਦੁਆਰਾ ਕੀਤੀ ਜਾਂਦੀ ਹੈ।

ਵਾਕ ਇੱਕ ਸ਼ਬਦ ਦਾ ਵੀ ਹੋ ਸਕਦਾ ਹੈ। ਜਿਵੇਂ- ਸੁਣੋ, ਠਹਿਰੋ।

**ਜਿਵੇਂ** – (1) ਮੈਂ ਕੱਲ੍ਹ ਦਿੱਲੀ ਜਾਵਾਂਗਾ।

(2) ਮੇਰਾ ਨਾਮ ਨਿਸ਼ਠਾ ਹੈ।

ਸੋ ਵਾਕ ਸ਼ਬਦਾਂ ਦੇ ਮੇਲ ਨਾਲ ਬਣਦਾ ਹੈ। ਸ਼ਬਦਾਂ ਦੀ ਸਾਰਥਕਤਾ ਸਦਕਾ ਹੀ ਵਾਕ ਸਾਰਥਕਤਾ ਗ੍ਰਹਿਣ ਕਰਦਾ ਹੈ ਅਤੇ ਸ਼ਬਦਾਂ ਦੀ ਯੋਗ ਤਰਤੀਬ ਵਾਕ ਨੂੰ ਅਰਥ ਪੂਰਨ ਬਣਾਉਂਦੀ ਹੈ।

**ਸੁਖਵਿੰਦਰ ਸਿੰਘ ਸੰਖਾ ਅਨੁਸਾਰ–** ਭਾਸ਼ਾ ਦੀ ਵੱਡੀ ਤੋਂ ਵੱਡੀ ਵਿਆਕਰਨ ਇਕਾਈ ਜੋ ਆਪਣੇ ਸੰਰਚਨਾਤਮਕ ਸੰਗਠਨ ਕਰਕੇ ਕਿਸੇ ਦੂਸਰੀ ਵਿਆਕਰਨਕ ਇਕਾਈ ਦੇ ਅਧੀਨ ਨਹੀ ਹੁੰਦੀ, ਵਾਕ ਕਹੀ ਜਾਂਦੀ ਹੈ।

(ਪੰਨਾ– 190–191 , ਪੰਜਾਬੀ ਭਾਸ਼ਾ ਵਿਗਿਆਨ, ਸੁਖਵਿੰਦਰ ਸਿੰਘ ਸੰਘਾ)

**ਵੇਦ ਅਗਨੀ ਹੋਤਰੀ ਅਨੁਸਾਰ–** ਕਿਸੇ ਭਾਵ ਵਿਸ਼ੇਸ਼ ਨੂੰ ਪ੍ਰਗਟ ਕਰਨ ਵਾਲੀ ਸ਼ਬਦ ਸਮੂਹੀ ਵਿਆਕਰਣਕ ਇਕਾਈ ਵਾਕ ਅਖਵਾਉਂਦੀ ਹੈ।

(ਪੰਨਾ ਨੰ. 9, ਵਿਆਕਰਣ ਇਕਾਈਆਂ ਪਛਾਣ ਤੇ ਸਥਾਪਤੀ–ਵੇਦ ਅਗਨੀ ਹੋਤਰੀ)

ਪੰਜਾਬੀ ਵਾਕ ਬਣਤਰ ਵਿਚ ਸ਼ਬਦਾਂ ਦੀ ਯੋਗ ਤਰਤੀਬ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਸਦਕਾ ਹੀ ਵਾਕ ਸਾਰਥਕ ਹੋਵੇਗਾ ਨਹੀਂ ਤਾਂ ਨਿਰਾਰਥਕ

**ਜਿਵੇਂ–**

(1) ਹੈ ਖਾਂਦੀ ਰੋਟੀ ਕੁੜੀ (ਨਿਰਾਰਥਕ ਵਾਕ)

(2) ਕੁੜੀ ਰੋਟੀ ਖਾਂਦੀ ਹੈ। (ਸਾਰਥਕ ਵਾਕ)

ਵਾਕ ਦੇ ਸਾਰਥਕ ਹੋਣ ਲਈ ਵਾਕ ਦੇ ਅੰਗਾਂ ਦਾ ਤਰਤੀਬਬੱਧ ਹੋਣਾ ਲਾਜ਼ਮੀ ਹੈ।

## ਵਾਕ ਦੇ ਅੰਗ

ਹਰ ਸਧਾਰਨ ਵਾਕ ਦੇ ਦੋ ਮੁੱਖ ਅੰਗ ਹੁੰਦੇ ਹਨ–

(ੳ) ਉਦੇਸ਼

(ਅ) ਵਿਧੇਅ

## (ੳ) ਉਦੇਸ਼

ਵਾਕ ਵਿਚ ਜਿਸ ਥਾਂ, ਵਸਤੂ ਜਾਂ ਮਨੁੱਖ ਬਾਰੇ ਕੁਝ ਦੱਸਿਆ ਜਾਂਦਾ ਹੈ, ਉਸ ਸ਼ਬਦ ਜਾਂ ਸ਼ਬਦ ਸਮੂਹ ਨੂੰ ਵਾਕ ਦਾ ਉਦੇਸ਼ ਕਿਹਾ ਜਾਂਦਾ ਹੈ।

**ਜਿਵੇਂ–**

(1) **ਉਹ** ਕੀ ਕਰ ਰਿਹਾ ਹੈ ?

(2) **ਸੀਤਾ** ਪਾਠ ਪੜ੍ਹਦੀ ਹੈ।

(3) **ਨਿਸ਼ਠਾ** ਰੋਟੀ ਪਕਾਉਂਦੀ ਹੈ।

ਉਪਰੋਕਤ ਰੇਖਾਂਕਤ ਸ਼ਬਦ ਉਦੇਸ਼ ਹਨ ਕਿਉਂਕਿ ਵਾਕ ਵਿਚ ਇਨ੍ਹਾਂ ਬਾਰੇ ਕੁਝ ਦੱਸਿਆ ਗਿਆ ਹੈ ਅਤੇ ਇਨ੍ਹਾਂ ਨੂੰ ਕਰਤਾ ਵੀ ਕਿਹਾ ਜਾਂਦਾ ਹੈ।

## (ਅ) ਵਿਧੇਅ

ਵਾਕ ਵਿਚ ਜਿਸ ਥਾਂ, ਵਸਤੂ ਜਾਂ ਮਨੁੱਖ ਬਾਰੇ ਜੋ ਕੁਝ ਦੱਸਿਆ ਜਾਂਦਾ ਹੈ, ਉਸ ਸ਼ਬਦ ਨੂੰ ਵਿਧੇਅ ਕਿਹਾ ਜਾਂਦਾ ਹੈ।

**ਜਿਵੇਂ–**

(1) ਰਾਣੀ <u>**ਚਿੱਠੀ ਲਿਖਦੀ ਹੈ।**</u>

(2) ਸੀਤਾ <u>**ਖੇਡਦੀ ਹੈ।**</u>

(3) ਅਵੀ <u>**ਬਜ਼ਾਰ ਜਾਂਦਾ ਹੈ।**</u>

ਉਪਰੋਕਤ ਵਾਕਾਂ ਵਿੱਚ ਰਾਣੀ, ਸੀਤਾ ਅਤੇ ਅਵੀ ਬਾਰੇ ਜੋ ਕੁਝ ਦੱਸਿਆ ਗਿਆ ਹੈ ਉਹ ਵਾਕ ਦਾ ਵਿਧੇਅ ਹੈ।

# ਵਾਕਾਂ ਦੀਆਂ ਕਿਸਮਾਂ

ਵਾਕਾਂ ਦਾ ਕੋਈ ਨਿਸ਼ਚਿਤ ਆਕਾਰ ਨਾ ਹੋਣ ਕਾਰਨ ਅਤੇ ਉਚਾਰਨ ਸਮੇਂ ਵਾਕਾਂ ਦੇ ਰੂਪ 'ਚ ਅੰਤਰ ਪੈਣ ਸਦਕਾ ਵਾਕਾਂ ਦੀਆਂ ਕਿਸਮਾਂ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ। ਵਾਕਾਂ ਨੂੰ ਮੁੱਖ ਤੌਰ 'ਤੇ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ–

(1) ਕਾਰਜ ਦੇ ਆਧਾਰ 'ਤੇ ਵਾਕ

(2) ਬਣਤਰ ਦੇ ਆਧਾਰ 'ਤੇ ਵਾਕ

# 1. ਕਾਰਜ ਦੇ ਆਧਾਰ ’ਤੇ ਵਾਕ–ਵੰਡ

ਕਾਰਜ ਦੇ ਆਧਾਰਤ ’ਤੇ ਵਾਕਾਂ ਨੂੰ ਪੰਜ ਕਿਸਮਾਂ ਵਿੱਚ ਵੰਡਿਆ ਜਾਂਦਾ ਹੈ–

(1) ਬਿਆਨੀਆ ਵਾਕ

(2) ਆਗਿਆ ਸੂਚਕ ਜਾਂ ਬਿਨੈ ਵਾਚਕ ਵਾਕ

(3) ਵਿਸਮਿਕ ਵਾਕ

(4) ਇੱਛਾ ਸੂਚਕ ਵਾਕ

(5) ਪ੍ਰਸ਼ਨਿਕ ਵਾਕ

## (1) **ਬਿਆਨੀਆ ਵਾਕ**

ਉਹ ਵਾਕ ਜਿਸ ਵਿਚ ਨਾ ਕੋਈ ਹੁਕਮ, ਨਾ ਕੋਈ ਬੇਨਤੀ, ਨਾ ਕੋਈ ਪ੍ਰਸ਼ਨ ਪੁਛਿਆ ਗਿਆ ਹੋਵੇ ਸਗੋਂ ਬਿਆਨ ਕੀਤਾ ਹੋਵੇ, ਅਜਿਹੇ ਵਾਕ ਨੂੰ ਬਿਆਨੀਆ ਵਾਕ ਕਿਹਾ ਜਾਂਦਾ ਹੈ। **ਜਿਵੇਂ–**

(1) ਸੀਤਾ ਪਾਠ ਪੜ੍ਹ ਰਹੀ ਹੈ।

(2) ਪੁਜਾਰੀ ਪੁਜਾ ਕਰ ਰਿਹਾ ਹੈ।

## (2) **ਆਗਿਆ ਸੂਚਕ ਜਾਂ ਬਿਨੈ–ਵਾਚਕ ਵਾਕ**

ਉਹ ਵਾਕ ਜਿਨ੍ਹਾਂ ’ਚ ਕਿਸੇ ਨੂੰ ਆਗਿਆ ਜਾਂ ਬੇਨਤੀ ਕੀਤੀ ਗਈ ਹੋਵੇ, ਉਸਨੂੰ ਆਗਿਆ ਸੂਚਕ ਵਾਕ ਕਿਹਾ ਜਾਂਦਾ ਹੈ। **ਜਿਵੇਂ–**

(1) ਕਿਰਪਾ ਕਰਕੇ ਮੇਰੀ ਮਦਦ ਕਰੋ।

(2) ਇਹ ਫਾਈਲ ਕਲ੍ਹ ਤੱਕ ਤਿਆਰ ਕਰੋ।

## (3) **ਵਿਸਮਿਕ ਵਾਕ**

ਵਾਕ ਵਿੱਚ ਜਦੋਂ ਮਨ ਦੀ ਖੁਸ਼ੀ, ਗਮੀ, ਹੈਰਾਨੀ, ਪ੍ਰਸ਼ੰਸਾ ਆਦਿ ਭਾਵਾਂ ਨੂੰ ਪ੍ਰਗਟਾਉਣ ਵਾਲੇ ਸ਼ਬਦ ਵਰਤੇ ਜਾਂਦੇ ਹਨ ਤਦ ਉਹਨਾਂ ਵਾਕਾਂ ਨੂੰ ਵਿਸਮਿਕ ਵਾਕ ਕਿਹਾ ਜਾਂਦਾ ਹੈ। ਇਨ੍ਹਾਂ ਸ਼ਬਦਾਂ ਨਾਲ ( !) ਵਿਸਮਿਕ ਚਿੰਨ੍ਹ ਦੀ ਵਰਤੋਂ ਵੀ ਕੀਤੀ ਜਾਂਦੀ ਹੈ। **ਜਿਵੇਂ**–

(1) ਆਹਾ ! ਮੈਂ ਪਾਸ ਹੋ ਗਈ।

(2) ਅਫ਼ਸੋਸ ! ਤੇਰੀ ਮਾਂ ਮਰ ਗਈ।

## (4) **ਇੱਛਾ ਸੂਚਕ ਵਾਕ**

ਜਿਨ੍ਹਾਂ ਵਾਕਾਂ ਵਿੱਚ ਕੋਈ ਇੱਛਾ, ਕਾਮਨਾ, ਉਮੰਗ ਦਾ ਪ੍ਰਗਟਾ ਕੀਤਾ ਜਾਂਦਾ ਹੈ, ਉਸ ਨੂੰ ਇੱਛਾ ਸੂਚਕ ਵਾਕ ਕਿਹਾ ਜਾਂਦਾ ਹੈ। **ਜਿਵੇਂ**–

(1) ਕਾਸ਼ ! ਮੈਂ ਪ੍ਰਧਾਨਮੰਤਰੀ ਹੁੰਦੀ।

(2) ਕਾਸ਼ ! ਉਹ ਮੇਰੇ ਕੋਲ ਹੁੰਦੀ।

## (5) **ਪ੍ਰਸ਼ਨਿਕ ਵਾਕ**

ਉਹ ਵਾਕ ਵਿੱਚ ਜਿਸ ਵਿਚ ਕਿਸੇ ਪ੍ਰਕਾਰ ਦਾ ਪ੍ਰਸ਼ਨ ਪੁੱਛਿਆ ਗਿਆ ਹੋਵੇ, ਉਸਨੂੰ ਪ੍ਰਸ਼ਨਿਕ ਵਾਕ ਕਿਹਾ ਜਾਂਦਾ ਹੈ। ਇਸਦੀ ਬਣਤਰ ਦੇ ਦੋ ਤੱਤ ਹੁੰਦੇ ਹਨ–

(ੳ) ਪ੍ਰਸ਼ਨਵਾਚੀ ਸ਼ਬਦ (ਅ) ਪ੍ਰਸ਼ਨਵਾਚੀ ਲਹਿਜਾ

### (ੳ) **ਪ੍ਰਸ਼ਨਵਾਚੀ ਸ਼ਬਦ**

ਉਹ ਪ੍ਰਸ਼ਨਵਾਚੀ ਵਾਕ ਜਿਨ੍ਹਾਂ ’ਚ ਪ੍ਰਸ਼ਨਵਾਚੀ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ।

**(1)** **ਕੀ** ਉਹ ਆ ਰਿਹਾ ਹੈ ?

(2) ਲਾਜੋ ਕੰਮ **ਕਿਉਂ** ਨਹੀਂ ਕਰ ਰਹੀ ?

### (ਅ) **ਪ੍ਰਸ਼ਨਵਾਚੀ ਲਹਿਜਾ**

ਉਹ ਪ੍ਰਸ਼ਨਵਾਚੀ ਵਾਕ ਜਿਨ੍ਹਾਂ ’ਚ ਪ੍ਰਸ਼ਨਵਾਚੀ ਸ਼ਬਦ ਦੀ ਥਾਂ ਲਹਿਜੇ ਜਾਂ ਬੋਲ ਦੁਆਰਾ ਪ੍ਰਸ਼ਨ ਕੀਤਾ ਗਿਆ ਹੋਵੇ, ਉਸਨੂੰ ਪ੍ਰਸ਼ਨਵਾਚੀ ਲਹਿਜਾ ਕਿਹਾ ਜਾਂਦਾ ਹੈ।

**ਜਿਵੇਂ–** (1) ਤੂੰ ਆ ਗਿਆ ਹੈ ?

(2) ਤੇਰਾ ਸਿਰ ਦੁਖਦਾ ਸੀ ?

## (2) **ਬਣਤਰ ਦੇ ਆਧਾਰ ’ਤੇ ਵਾਕ-ਵੰਡ**

ਬਣਤਰ ਦੇ ਆਧਾਰ ’ਤੇ ਵਾਕਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ-

(ੳ) ਸਾਧਾਰਨ ਵਾਕ (ਅ) ਸੰਯੁਕਤ ਵਾਕ (ੲ) ਮਿਸ਼ਰਤ ਵਾਕ

### (ੳ) **ਸਾਧਾਰਨ ਵਾਕ**

ਜਿਸ ਵਾਕ ਵਿੱਚ ਇਕ ਉਦੇਸ਼ ਅਤੇ ਇਕ ਵਿਧੇਅ ਹੁੰਦਾ ਹੈ ਉਸਨੂੰ ਸਾਧਾਰਨ ਵਾਕ ਕਿਹਾ ਜਾਂਦਾ ਹੈ। ਇਸ ਵਿਚ ਕਿਰਿਆ ਪੂਰਨ ਰੂਪ ਵਾਲੀ ਹੁੰਦੀ ਹੈ। ਇਸਦੀ ਬਣਤਰ ਵਿਚ **ਕਰਤਾ+ਕਰਮ+ਕਿਰਿਆ** ਤਿੰਨੋ ਹੁੰਦੇ ਹਨ ਅਤੇ ਅਜਿਹੇ ਵਾਕ ਪੂਰਨ ਅਰਥਾਂ ਨੂੰ ਪੇਸ਼ ਕਰਦੇ ਹਨ।

ਇਕੋ ਪੂਰਨ ਕਿਰਿਆ ਵਾਲੇ ਵਾਕ ਨੂੰ ਸਾਧਾਰਨ ਵਾਕ ਕਿਹਾ ਜਾਂਦਾ ਹੈ।

(1) **ਰਾਮ** ਰੋਟੀ ਖਾਂਦਾ ਹੈ।

(2) **ਚੋਰ** ਅੰਦਰ ਹੈ।

(3) **ਮੁੰਡਾ** ਹੁਸਿਆਰ ਹੈ।

ਉਪਰੋਕਤ ਵਾਕਾਂ ’ਚ ਰੇਖਾਂਕਤ ਸ਼ਬਦ ਉਦੇਸ਼ ਅਤੇ ਬਾਕੀ ਵਿਧੇਅ ਹੈ। ਪਹਿਲੇ ਵਾਕ ਵਿੱਚ ਰਾਮ ਕਰਤਾ ਰੋਟੀ ਕਰਮ ਅਤੇ ਖਾਂਦਾ ਹੈ ਕਿਰਿਆ ਹੈ।

## (ਅ)ਸੰਯੁਕਤ ਵਾਕ

ਜਿਸ ਵਾਕ ਵਿੱਚ ਇਕ ਤੋਂ ਜਿਆਦਾ ਸਮਾਨ ਉਪ-ਵਾਕਾਂ ਦੀ ਵਰਤੋਂ ਹੁੰਦੀ ਹੋਵੇ ਉਸਨੂੰ ਸੰਯੁਕਤ ਵਾਕ ਕਿਹਾ ਜਾਂਦਾ ਹੈ। ਅਜਿਹੇ ਵਾਕ ਤੇ, ਅਤੇ, ਪਰ, ਫਿਰ ਵੀ, ਇਸ ਲਈ, ਇਸ ਕਰਕੇ, ਸਗੋਂ ਆਦਿ ਸਮਾਨ ਯੋਜਕਾਂ ਨਾਲ ਜੁੜੇ ਹੁੰਦੇ ਹਨ। ਇਹਨਾਂ ਦੀ ਬਣਤਰ **ਸਾਧਾਰਨ ਵਾਕ+ਯੋਜਕ+ਸਾਧਾਰਨ ਵਾਕ** ਹੁੰਦੀ ਹੈ। **ਜਿਵੇਂ-**

| | | | |
|---|---|---|---|
| (1) | ਚੰਦ ਚਮਕ ਰਿਹਾ ਸੀ | ਅਤੇ | ਤਾਰੇ ਚਮਕ ਰਹੇ ਸਨ। |
| | (ਸਾਧਾਰਨ ਵਾਕ) | (ਯੋਜਕ) | (ਸਾਧਾਰਨ ਵਾਕ) |
| (2) | ਬਾਲਕ ਜਾਗ ਰਿਹਾ ਸੀ | ਅਤੇ | ਮਾਂ ਸੌਂ ਰਹੀ ਸੀ। |
| | (ਸਾਧਾਰਨ ਵਾਕ) | (ਯੋਜਕ) | (ਸਾਧਾਰਨ ਵਾਕ) |

ਕਈ ਵਾਰ ਵਾਕਾਂ ਨੂੰ ਜੋੜਨ ਲਈ ਯੋਜਕ ਦੀ ਥਾਂ **ਠਹਿਰਾਉ (,) ਦੀ ਵਰਤੋਂ** ਵੀ ਕੀਤੀ ਜਾਂਦੀ ਹੈ, **ਜਿਵੇਂ-** ਉਹ ਖੱਤ ਲਿਖਦਾ ਗਿਆ, ਮੈਂ ਲਿਖਾਂਦਾ ਗਿਆ।

## (ੲ) ਮਿਸ਼ਰਤ ਵਾਕ

ਅਜਿਹਾ ਵਾਕ ਜਿਸ ਵਿਚ ਇੱਕ ਮੁੱਖ ਉਪ-ਵਾਕ ਅਤੇ ਬਾਕੀ ਸਾਰੇ ਅਧੀਨ ਉਪਵਾਕ ਹੋਣ ਉਸ ਨੂੰ ਮਿਸ਼ਰਤ ਵਾਕ ਕਿਹਾ ਜਾਂਦਾ ਹੈ। ਮੁੱਖ ਉਪਵਾਕ ਵਿਚ ਕਿਰਿਆ ਪੂਰਨ ਹੁੰਦੀ ਹੈ, ਜਦਕਿ ਅਧੀਨ ਉਪਵਾਕ ਅਪੂਰਨ ਹੁੰਦੇ ਹਨ। ਇਹ ਮੁੱਖ ਉਪਵਾਕਾਂ ਨਾਲ ਅਧੀਨ ਯੋਜਕਾਂ - ਕਿ, ਕਿਉਂਕਿ, ਜਿਵੇਂ, ਜੋਂ, ਜਦੋਂ, ਜਿਹੜੇ, ਜਿਹੜੀ, ਜਿਨ੍ਹਾਂ ਆਦਿ ਨਾਲ ਜੁੜ ਕੇ ਵਾਕ ਨੂੰ ਸਾਰਥਕਤਾ ਪ੍ਰਦਾਨ ਕਰਦੇ ਹਨ, ਜਿਵੇਂ-

(1) ਉਹ ਫੇਲ ਹੋ ਗਿਆ ਹੈ ਕਿਉਂਕਿ ਉਸ ਨੇ ਇਕ ਪੇਪਰ ਨਹੀਂ ਸੀ ਦਿੱਤਾ

(ਮੁੱਖ ਉਪਵਾਕ) (ਯੋਜਕ) (ਅਧੀਨ ਉਪਵਾਕ)

ਪੰਜਾਬੀ ਵਿਚ ਯੋਜਕ ਤੋਂ ਬਾਅਦ ਆਉਣ ਵਾਲਾ ਉਪਵਾਕ ਅਧੀਨ ਉਪਵਾਕ ਹੁੰਦਾ ਹੈ।

(2) ਉਹ ਬਹੁਤ ਖੁਸ਼ ਹੁੰਦੇ ਜੇ ਤੁਸੀਂ ਉਸ ਮੌਕੇ ਉੱਤੇ ਪਹੁੰਚ ਗਏ ਹੁੰਦੇ।

(ਮੁੱਖ ਉਪਵਾਕ) (ਯੋਜਕ) (ਅਧੀਨ ਉਪਵਾਕ)

## (3) ਮਿਸ਼ਰਤ ਵਾਕ ਦੀਆਂ ਕਿਸਮਾਂ

ਮਿਸ਼ਰਤ ਵਾਕਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ –

(ੳ) ਅਧੀਨ ਯੋਜਕਾਂ ਵਾਲੇ ਮਿਸ਼ਰਤ ਵਾਕ

(ਅ) ਅਧੀਨ ਉਪਵਾਕਾਂ ਨਾਲ ਅਪੂਰਨ ਕਿਰਿਆ ਵਾਲੇ ਮਿਸ਼ਰਤ ਵਾਕ

(ੲ) ਅਪੂਰਨ ਕਿਰਿਆ ਅਤੇ ਯੋਜਕ ਨਾਕ ਜੁੜੇ ਮਿਸ਼ਰਤ ਵਾਕ

## (ੳ) ਅਧੀਨ ਯੋਜਕਾਂ ਵਾਲੇ ਮਿਸ਼ਰਤ ਵਾਕ

ਅਜਿਹੇ ਵਾਕਾਂ ਵਿਚ ਅਧੀਨ ਯੋਜਕਾਂ ਦੀ ਵਰਤੋਂ ਹੁੰਦੀ ਹੈ। **ਜਿਵੇਂ–**

(1) ਉਹ ਮਿੰਨਤਾਂ ਕਰਦਾ ਹੈ ਕਿ ਉਸਦਾ ਕੰਮ ਬਣ ਜਾਏ।

(2) ਲਾਜੋ ਨੇ ਦੱਸਿਆ ਕਿ ਉਹ ਕਲ੍ਹ ਸਕੂਲ ਗਈ ਸੀ।

## (ਅ) ਅਧੀਨ ਉਪਵਾਕਾਂ ਨਾਲ ਅਪੂਰਨ ਕਿਰਿਆ ਵਾਲੇ ਮਿਸ਼ਰਤ ਵਾਕ

ਅਜਿਹੇ ਵਾਕਾਂ ਵਿਚ ਅਧੀਨ ਉਪਵਾਕਾਂ ਦੀ ਕਿਰਿਆ ਅਪੂਰਨ ਹੁੰਦੀ ਹੈ ਅਤੇ ਉਸਦਾ ਰੂਪ ਲਿੰਗ, ਵਚਨ ਅਨੁਸਾਰ ਨਹੀਂ ਬਦਲਦਾ। **ਜਿਵੇਂ–**

(1) ਸੀਤਾ ਕਮਰਾ ਸਾਫ ਕਰਕੇ ਚਲੀ ਗਈ।

(2) ਮੈਂ ਨਿਸ਼ਠਾ ਨੂੰ ਸਵੇਰੇ ਪੜ੍ਹਦਿਆਂ ਹੋਇਆਂ ਵੇਖਿਆ ਸੀ।

## (ੲ) ਅਪੂਰਨ ਕਿਰਿਆ ਅਤੇ ਯੋਜਕ ਨਾਲ ਜੁੜੇ ਮਿਸ਼ਰਤ ਵਾਕ

ਅਜਿਹੇ ਵਾਕਾਂ ਵਿਚ ਅਧੀਨ ਉਪਵਾਕ (ਅਪੂਰਨ ਕਿਰਿਆ ਵਾਲਾ) ਮੁੱਖ ਉਪਵਾਕ ਨਾਲ ਯੋਜਕ ਨਾਲ ਜੁੜੇ ਹੁੰਦੇ ਹਨ। ਜਿਵੇਂ–

(1) ਔਰਤਾਂ ਰਸੋਈ ਦਾ ਸਾਰਾ ਕੰਮ ਖਤਮ ਕਰਕੇ, ਜੋ ਮਾਲਕਣ ਨੇ ਕਿਹਾ ਸੀ, ਪੜ੍ਹਨ ਲਈ ਸਕੂਲ ਚਲੀਆਂ ਗਈਆਂ।

(2) ਮੁੰਡੇ ਦੇ ਕਾਲੇ ਕਾਰਨਾਮੇ ਸੁਣ ਕੇ, ਜੋ ਉਸ ਨੇ ਵਿਦੇਸ਼ ਵਿਚ ਜਾ ਕੇ ਕੀਤੇ, ਮਾਂ ਦਾ ਸਿਰ ਸ਼ਰਮ ਨਾਲ ਝੁਕ ਗਿਆ।

ਪ੍ਰਸਤੂਤ ਕਰਤਾ

ਪੂਨਮ ਸ਼ਰਮਾ

ਅਸਿਸਟੈਂਟ ਪ੍ਰੋਫੈਸਰ

ਪੰਜਾਬੀ ਵਿਭਾਗ

ਐਚ.ਐਮ.ਵੀ, ਜਲੰਧਰ